# ਗੁਰਦਿਆਲ ਸਿੰਘ

***ਪ੍ਰਸ਼ਨ:- ਸ੍ਰ. ਗੁਰਦਿਆਲ ਸਿੰਘ ਦੀ ਪੰਜਾਬੀ ਨਾਵਲ ਨੂੰ ਕੀ ਦੇਣ ਹੈ?***

***ਜਾਂ***

***ਨਾਵਲਕਾਰ ਗੁਰਦਿਆਲ ਸਿੰਘ ਦੁਆਰਾ ਪੰਜਾਬੀ ਨਾਵਲ ਦੇ ਖੇਤਰ ਵਿਚ ਪਾਏ ਯੋਗਦਾਨ ਦਾ ਮੁਲਅੰਕਣ ਕਰੋ।***

**ਉੱਤਰ:-** ਸ੍ਰ. ਗੁਰਦਿਆਲ ਸਿੰਘ ਪੰਜਾਬੀ ਦੀ ਤੀਜੀ ਪੀੜ੍ਹੀ ਦਾ ਨਾਵਲਕਾਰ ਹੈ। ਉਹ ਜੈਤੋਂ ਜ਼ਿਲ੍ਹਾ ਬਠਿੰਡਾ ਦਾ ਜੰਮਪਲ ਹੈ ਅਤੇ ਇਸ ਸਮੇਂ ਸਾਡਾ ਇਕ ਪ੍ਰਤਿਭਾਸ਼ਾਲੀ ਗਲਪਕਾਰ ਹੈ। ਮਾਲਵੇ ਦੇ ਪਿੰਡਾਂ ਤੇ ਕਸਬਿਆਂ ਦੇ ਜੀਵਨ ਦਾ ਉਸ ਨੂੰ ਬਹੁਤ ਨੇੜਿਓਂ ਅਨੁਭਵ ਹੈ। ਉਹ ਮੁੱਖ ਰੂਪ ਵਿੱਚ ਮਾਲਵੇ ਦੇ ਜੀਵਨ ਦਾ ਨਾਵਲਕਾਰ ਅਤੇ ਕਹਾਣੀਕਾਰ ਹੈ, ਪਰ ਉਸ ਦੀਆਂ ਰਚਨਾਵਾਂ ਦੀ ਪ੍ਰੇਰਨਾ ਦਾ ਘੇਰਾ ਬਹੁਤ ਵਿਸ਼ਾਲ ਹੈ। ਉਸ ਨੇ ਪੰਜਾਬੀ ਨਾਵਲ ਨੂੰ ਮੱਧ ਸ਼੍ਰੇਣੀ ਨਾਲ ਸੰਬੰਧਿਤ ਗਲਪ ਸਾਹਿਤ ਵਿਚੋਂ ਕੱਢ ਕੇ ਹੇਠ ਲਿਖੀ ਸ਼੍ਰੇਣੀ ਨਾਲ ਜੋੜਿਆ ਉਸ ਨੇ ਚਿਤਰਨ ਲਈ ਕੈਨਵਸ ਮਾਲਵੇ ਦੇ ਖੇਤਰ ਨੂੰ ਚੁਣਿਆ। ਸਭ ਤੋਂ ਪਹਿਲਾਂ ਅਸੀਂ ਪੰਜਾਬੀ ਗਲਪ ਦੇ ਖੇਤਰ ਗਿਣਾਤਮਕ ਪੱਖ ਤੋਂ ਉਸ ਦੀ ਦੇਣ ਸੰਬੰਧੀ ਵਿਚਾਰ ਕਰ ਰਹੇ ਹਾਂ:-

ਉਹ ਸਾਨੂੰ ਕਈ ਕਹਾਣੀ ਸੰਗ੍ਰਹਿ ਅਤੇ ਨਾਵਲ ਦੇ ਚੁੱਕਾ ਹੈ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

(ੳ) **ਕਹਾਣੀ ਸੰਗ੍ਰਹਿ:-** ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਮਸਤੀ ਬੋਤਾ, ਬਿਗਾਨਾ ਪਿੰਡ, ਰੁੱਖੇ ਮਿੱਸੇ ਬੰਦੇ। ਗੁਰਦਿਆਲ ਸਿੰਘ ਦੀਆਂ ਚੋਣਵੀਆਂ ਕਹਾਣੀਆਂ, ਪੱਕਾ ਟਿਕਾਣਾ ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ।

(ਅ) **ਨਾਵਲ:-** ਸ੍ਰ. ਗੁਰਦਿਆਲ ਸਿੰਘ ਨੇ ਪੰਜਾਬੀ ਸਾਹਿਤ ਨੂੰ ਅੱਠ-ਨੌਂ ਨਾਵਲ ਦਿੱਤੇ ਹਨ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ- ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਆਥਣ ਉੱਗਣ, ਰੇਤ ਦੀ ਇਕ ਮੁੱਠੀ, ਅੰਨੇ ਘੋੜੇ ਦਾ ਦਾਨ 'ਪਰਸਾ' ਆਦਿ।

ਉਸ ਦੀ ਗਿਣਾਤਮਕ ਦੇਣ ਪਿੱਛੋਂ ਅਸੀਂ ਗੁਰਦਿਆਲ ਸਿੰਘ ਦੀ ਗੁਣਾਤਮਕ ਦੇਣ ਸੰਬੰਧੀ ਵਿਚਾਰ ਕਰ ਰਹੇ ਹਾਂ:-

**ਪੰਜਾਬੀ ਗਲਪ ਨੂੰ ਉਪਭਾਵੁਕਤਾ ਤੋਂ ਮੁਕਤੀ:-** ਸ੍ਰ. ਗੁਰਦਿਆਲ ਸਿੰਘ ਦੀ ਪਹਿਲੀ ਦੇਣ ਇਹ ਹੈ ਕਿ ਉਸ ਨੇ ਪੰਜਾਬੀ ਨਾਵਲ ਨੂੰ ਭਾਈ ਵੀਰ ਸਿੰਘ, ਸ੍ਰ. ਗੁਰਬਖ਼ਸ਼ ਸਿੰਘ ਅਤੇ ਸ੍ਰ. ਨਾਨਕ ਸਿੰਘ ਦੀ ਉਪਭਾਵੁਕ ਪ੍ਰਵਿਰਤੀ ਤੋਂ ਮੁਕਤੀ ਦਿਵਾਈ। ਡਾ. ਜੀਤ ਸਿੰਘ ਸੀਤਲ ਨੇ 'ਮੜ੍ਹੀ ਦਾ ਦੀਵਾ' ਅਤੇ ਅਣਹੋਏ ਨੂੰ ਸਨਮੁੱਖ ਰੱਖ ਕੇ ਲਿਖਿਆ ਸੀ, "ਇਸ ਗਲਪ ਵਿਚ ਮੁਹੱਬਤ ਤੇ ਸੋਚ ਨੂੰ ਸਦੀਵੀ ਜੀਵਤ ਸ਼ਕਤੀਆਂ ਸਿੱਧ ਕਰਕੇ ਗੁਰਦਿਆਲ ਸਿੰਘ ਨੇ ਪੰਜਾਬੀ ਗਲਪ ਨੂੰ ਆਪ ਤੋਂ ਪਹਿਲਾਂ ਦੀ ਪੀੜ੍ਹੀ ਦੇ ਪ੍ਰੇਮ ਸੰਬੰਧਾਂ ਦੇ ਉਪਭਾਵੁਕ ਪ੍ਰਤਿਮਾਨਾਂ ਤੋਂ ਮੁਕਤ ਕੀਤਾ ਹੈ। ਇਸ ਨਾਵਲ 'ਤੇ ਜਦੋਂ ਆਂਚਲਿਕਤਾ ਤੇ ਰੁਮਾਂਚਿਕਤਾ ਦੇ ਦੋਸ਼ ਲਗਾਏ ਗਏ ਤਦ ਇਸ ਹੋਣਹਾਰ ਗਲਪਕਾਰ ਨੇ 'ਅਣਹੋਏ' ਨਾਵਲ ਨੂੰ ਕਿਸੇ ਪ੍ਰੀਤ ਕਹਾਣੀ ਤੋਂ ਬਿਨਾ ਕਹਾਣੀ ਲੈ ਕੇ ਅਜਿਹੀ ਗਲਪ ਗੋਂਦ ਵਿੱਚ ਵਿਉਂਤਿਆ ਕਿ ਅਣਹੋਇਆਂ ਦੀ 'ਅਸਤਿਤਵ ਤੋਂ ਵਿਅਕਤਿੱਤਵ ਵਲ ਦੀ ਅਸਫਲ ਯਾਤਰਾ' ਪੰਜਾਬੀ ਵਿੱਚ ਸਾਡੇ ਲੋਹੇ ਦੇ ਮਨੁੱਖਾਂ ਦੀ ਸ਼ਕਤੀਸ਼ਾਲੀ ਦਾਸਤਾਂ ਹੋ ਨਿਬੜੀ।" ਆਪਣੇ ਨਾਵਲਾਂ 'ਅੱਧ ਚਾਨਣੀ ਅਤੇ 'ਅੰਨੇ ਘੋੜੇ ਦਾ ਦਾਨ ਵਿਚ ਉਸ ਨੇ ਮਾਲਵੇ ਦੇ ਕਿਸਾਨੀ ਜੀਵਨ ਦੀਆਂ ਪੇਚੀਦਾ ਸਮੱਸਿਆਵਾਂ ਤੋਂ ਇਲਾਵਾ ਔਰਤ ਕਾਰਣ ਪੈਦਾ ਹੋਣ ਵਾਲੀਆਂ ਗੁੰਝਲਾਂ ਅਤੇ ਪਰਿਵਾਰਿਕ ਕਲੇਸ਼ਾਂ ਨੂੰ ਬਿਆਨ ਕੀਤਾ ਹੈ।

**ਨਿਰੋਲ ਆਂਚਲਿਕ ਨਾਵਲ ਦਾ ਆਰੰਭ:-** ਉਸ ਦਾ ਪੰਜਾਬੀ ਸਾਹਿਤ ਨੂੰ ਅਗਲਾ ਯੋਗਦਾਨ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਵਿੱਚ ਨਿਰੋਲ ਆਂਚਲਿਕ ਉਪਨਿਆਸ ਲਿਆਂਦਾ। ਉਸ ਤੋਂ ਪਹਿਲਾਂ ਸ੍ਰ. ਜਸਵੰਤ ਸਿੰਘ ਅਤੇ ਪ੍ਰੋ. ਨਰੂਲਾ ਦੇ ਨਾਵਲਾਂ ਵਿੱਚ ਆਂਚਲਿਕਤਾ ਦੀਆਂ 'ਛੋਹਾਂ' ਸਨ, ਪਰੰਤੂ ਪੰਜਾਬੀ ਵਿੱਚ ਨਿਰੋਲ ਆਂਚਲਿਕ ਕਿਹਾ ਜਾਣ ਵਾਲਾ ਇਕ ਵੀ ਉਪਨਿਆਸ ਨਹੀਂ ਸੀ। ਪੰਜਾਬੀ ਦੇ ਇਕ ਆਲੋਚਕ ਅਨੁਸਾਰ, "ਗੁਰਦਿਆਲ ਸਿੰਘ ਆਂਚਲਿਕ ਜੀਵਨ ਦੇ ਯਥਾਰਥ ਨੂੰ ਸਿਰਜਣ ਵਾਲਾ ਨਾਵਲਕਾਰ ਹੈ। ਜਿਹੜੀ ਚੀਜ਼ ਉਸ ਦੇ ਨਾਵਲਾਂ ਨੂੰ ਨਾਨਕ ਸਿੰਘ ਅਤੇ ਕੰਵਲ ਦੇ ਨਾਲੋਂ ਨਿਖੇੜਦੀ ਅਤੇ ਵੱਖਰਾ ਰੂਪ ਪ੍ਰਦਾਨ ਕਰਦੀ ਹੈ, ਉਹ ਉਹਨਾਂ ਦੀ ਆਂਚਲਿਕਤਾ ਹੈ।.........ਮੜ੍ਹੀ ਦਾ ਦੀਵਾ, ਅੱਧ ਚਾਨਣੀ ਰਾਤ ਤੇ ਆਥਣ ਉਗਣ ਦੀ ਆਂਚਲਿਕਤਾ ਦੇ ਵਿਸ਼ੇਗਤਾਂ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰਦਿਆਲ ਸਿੰਘ ਆਂਚਲਿਕ ਜੀਵਨਦੀਆਂ ਇਤਿਹਾਸਕ-ਸਾਂਸਕ੍ਰਿਤਕ ਪਰਿਸਥਿਤੀਆਂ ਵਿਚੋਂ ਜਨਮ ਲੈਣ ਵਾਲੀਆਂ ਦੁਖਾਂਤ ਸਥਿਤੀਆਂ ਨੂੰ ਚਿੰਤਨ ਵਾਲਾ ਨਾਵਲਕਾਰ ਹੈ। ਇਨ੍ਹਾਂ ਸਥਿਤੀਆਂ ਨੂੰ ਉਹ ਪੰਜਾਬੀ ਦੇ ਸੁਧਾਰਵਾਦੀ ਜਾਂ ਪ੍ਰਗਤੀਵਾਦੀ ਨਾਵਲਕਾਰਾਂ ਵਾਂਗ ਸਮੱਸਿਆਵਾਂ ਦਾ ਕੋਈ ਹੱਲ ਦੱਸਣ ਦੀ ਭਾਵਨਾ ਨਾਲ ਨਹੀ ਚਿਤਰਦਾ, ਸਗੋਂ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਚਿਤਰਦਾ ਹੈ।

**ਸਧਾਰਨ ਮਨੁੱਖ ਨਾਇਕ ਦੇ ਰੂਪ ਵਿੱਚ:-** ਸ੍ਰ. ਗੁਰਦਿਆਲ ਸਿੰਘ ਦੀ ਅਗਲੀ ਦੇਣ ਇਹ ਹੈ ਕਿ ਉਸ ਨੇ ਪਰੰਪਰਾਵਾਦੀ ਰਾਹ ਤਿਆਗ ਕੇ ਕਿਸੇ ਆਦਰਸ਼ਵਾਦੀ, ਉੱਚ ਪਰਿਵਾਰ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਦੀ ਥਾਂ ਸਾਧਾਰਣ ਮਨੁੱਖ ਨੂੰ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਡਾ. ਅਤਰ ਸਿੰਘ ਦੇ ਸ਼ਬਦਾਂ ਵਿੱਚ 'ਗੁਰਦਿਆਲ ਸਿੰਘ ਨੇ ਪਰੇਮੀ, ਯੋਧੇ ਜਾਂ ਜਨ-ਨਾਇਕ ਦੇ ਮੱਧ-ਕਾਲੀਨ ਪਾਤਰ-ਪ੍ਰਕਰਣ ਨੂੰ ਤਿਆਗ ਕੇ ਨਿਰੋਲ ਇਕ ਲਘੂ-ਮਾਨਵ ਚਰਿੱਤਰ ਦਾ ਅਧਿਐਨ ਕਰਨ ਦੀ ਪ੍ਰਥਾ ਨੂੰ ਅਪਣਾਇਆ ਹੈ। ਇਹ ਪਾਤਰ ਭਾਵੇਂ ਮੜ੍ਹੀ ਦਾ ਦੀਵਾ ਦਾ ਜਗਸੀਰ ਹੈ, ਭਾਵੇਂ ਅਣਹੋਏ ਦਾ ਕੇਂਦਰੀ ਪਾਤਰ ਬਿਸ਼ਨਾ ਭਾਵੇਂ, ਅੱਧ ਚਾਨਣੀ ਰਾਤ ਦਾ ਕੇਂਦਰੀ ਪਾਤਰ ਮੋਹਨ, ਭਾਵੇਂ ਆਥਣ ਉਗਣ ਦਾ ਮੁੱਖ ਪਾਤਰ ਜਾਂ ਪਰਸਾ ਦਾ ਕੇਂਦਰੀ ਪਾਤਰ 'ਪਰਸਾ' ਇਹ ਸਾਰੇ ਹੀ ਸਾਧਾਰਨ ਮਨੁੱਖ ਹਨ। ਸ੍ਰ. ਪਿਆਰਾ ਸਿੰਘ ਸਹਿਰਾਈ ਨੇ ਵੀ ਇਸੇ ਗੱਲ ਦੀ ਪ੍ਰੋੜਤਾ ਕੀਤੀ ਹੈ। ਇਸ ਵਿਦਵਾਨ ਅਨੁਸਾਰ ਗੁਰਦਿਆਲ ਸਿੰਘ ਦੀ ਪੰਜਾਬੀ ਨਾਵਲਕਾਰੀ ਨੂੰ ਬੜੀ ਵੱਡੀ ਦੇਣ ਹੈ। ਉਹਨੇ ਸਮਾਜ ਦੇ ਮਿੱਧੇ ਹੋਏ ਲੋਕਾਂ ਨੂੰ ਆਪਣੀਆਂ ਰਚਨਾਵਾਂ ਦੇ ਨਾਇਕ ਤੇ ਪਾਤਰ ਬਣਾ ਕੇ ਅਹਿਮ ਕਰਤੱਵ ਨਿਭਾਇਆ ਹੈ।"

ਇਸ ਨਾਲ ਮਿਲਦੀ-ਜੁਲਦੀ ਗੱਲ ਡਾ. ਅਤਰ ਸਿੰਘ ਨੇ ਆਖੀ ਹੈ। ਉਸ ਦੇ ਸ਼ਬਦਾਂ ਵਿੱਚ "ਗੁਰਦਿਆਲ ਸਿੰਘ ਨੇ ਪਰੇਮੀ, ਯੋਧੇ ਜਾਂ ਜਨ-ਨਾਇਕ ਦੇ ਮੱਧ-ਕਾਲੀਨ ਪਾਤਰ-ਪ੍ਰਕਰਣ ਨੂੰ ਤਿਆਗ ਕੇ ਨਿਰੋਲ ਇਕ ਲਘੂ-ਮਾਨਵ ਚਰਿੱਤਰ ਦਾ ਅਧਿਐਨ ਕਰਨ ਦੀ ਪ੍ਰਥਾ ਨੂੰ ਅਪਣਾਇਆ ਹੈ।"

**ਯਥਾਰਥਕ ਚਿਤਰਣ:-** ਇਸ ਨਾਵਲਕਾਰ ਦੀ ਅਗਲੀ ਦੇਣ ਹੈ ਨਾਵਲ ਦੇ ਖੇਤਰ ਵਿਚ ਯਥਾਰਥਕ ਚਿਤਰਣ ਦੀ ਲੀਹ ਨੂੰ ਹੋਰ ਡੂੰਘੀ ਕਰਨਾ। ਇਹ ਗੱਲ ਠੀਕ ਹੈ ਕਿ ਗੁਰਦਿਆਲ ਸਿੰਘ ਤੋਂ ਪਹਿਲਾਂ **ਪ੍ਰਿੰ. ਸੇਖੋਂ** ਅਤੇ **ਪ੍ਰੋ. ਨਰੂਲਾ** ਦੁਆਰਾ ਯਥਾਰਥਕ ਨਾਵਲ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰ ਚੁੱਕਾ ਸੀ, ਪਰੰਤੂ ਸ੍ਰ. ਗੁਰਦਿਆਲ ਨੇ ਨਾਵਲ ਲਿਖ ਕੇ ਨਾ ਸਿਰਫ ਯਥਾਰਥਕ ਨਾਵਲਾਂ ਦੀ ਗਿਣਤੀ ਵਿਚ ਵਾਧਾ ਕੀਤਾ, ਸਗੋਂ ਯਥਾਰਥਕ ਚਿਤਰਣ ਦੀ ਲੀਹ ਨੂੰ ਹੋਰ ਗੂੜ੍ਹਾ ਵੀ ਕੀਤਾ। ਪ੍ਰਿੰ. ਸੇਖੋਂ ਦੇ ਸ਼ਬਦਾਂ ਵਿਚ, "ਗੁਰਦਿਆਲ ਸਿੰਘ ਦੇ ਬਠਿੰਡੇ ਦੇ ਪ੍ਰਾਂਤ ਦੇ ਸਾਰੇ ਨਾਵਲ ਹੀ ਸਫਲ ਤੇ ਜਾਨਦਾਰ ਕ੍ਰਿਤੀਆਂ ਹਨ। ਇਨ੍ਹਾਂ ਵਿੱਚ ਉਸ ਪ੍ਰਾਂਤ ਦੇ ਲੋਕਾਂ ਦੇ ਕਠੋਰ ਦਰਿੰਦੇ, ਪਸ਼ੂਆਂ ਵਾਲੇ ਖੋ ਭਰੇ ਅਪਰਾਧੀ ਜੀਵਨ ਦੇ ਵਾਸਤਵਿਕ ਤੇ ਪ੍ਰਭਾਵਿਕ ਚਿੱਤਰ ਹਨ, ਪਰ ਇਹ ਸਾਰੇ ਕਿਸੇ ਬੀਤੇ ਸਮੇਂ ਦੀਆਂ ਕਹਾਣੀਆਂ ਪ੍ਰਤੀਤ ਹੁੰਦੀਆਂ ਹਨ, ਜਾਂ ਉਸ ਸਮੇਂ ਦੀਆਂ ਜੋ ਬੀਤ ਗਿਆ ਹੈ, ਬਣ ਰਿਆ ਹੈ, ਜਿਸ ਵਿੱਚ ਅੱਗੋਂ ਲਈ ਪ੍ਰਸਤੁਤ ਰਹਿਣ ਦੀ ਕੋਈ ਸੰਭਾਵਨਾ ਨਹੀਂ ਜਿਹੜੀ ਕਿ ਚੰਗੀ ਗੱਲ ਹੈ।"

**ਹਿੰਦੀ ਵਿਦਵਾਨ ਡਾ. ਸਿਵਦਾਨ ਸਿੰਘ ਚੌਹਾਨ** ਨੇ ਵੀ ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਹੈ ਕਿ, "ਗੁਰਦਿਆਲ ਸਿੰਘ ਦੇ ਨਾਵਲ ਪੜ੍ਹ ਕੇ ਮਨ ਉੱਤੇ ਐਸਾ ਹੀ ਪ੍ਰਭਾਵ ਪੈਂਦਾ ਹੈ ਅਤੇ ਪੁਰਾਣੀ ਭਾਰਤੀ ਸਮਾਜਿਕ ਵਿਵਸਥਾ ਦੀਆਂ ਘਿਣਾਉਣੀਆਂ ਹਕੀਕਤਾਂ ਦਾ ਏਨਾ ਡੂੰਘਾ ਅਹਿਸਾਸ ਪੈਦਾ ਕਰਨ ਲਈ ਮਨ ਉਸ ਪ੍ਰਤੀ ਕਿਰਤਗਤਾ ਨਾਲ ਭਰ ਜਾਂਦਾ ਹੈ। ਨਾਨਕ ਸਿੰਘ ਦੇ 'ਚਿੱਟਾ ਲਹੂ' ਨਾਲ ਪੰਜਾਬੀ

ਨਾਵਲ ਵਿੱਚ ਸਮਾਜਿਕ ਯਥਾਰਥ ਨੂੰ ਪ੍ਰਤੀਬਿੰਬਤ ਕਰਨ ਦੀ ਜਿਸ ਪ੍ਰਗਤੀਸ਼ੀਲ ਪਰੰਪਰਾ ਦਾ ਆਰੰਭ ਹੋਇਆ ਸੀ ਗੁਰਦਿਆਲ ਸਿੰਘ ਦੇ ਨਾਵਲ ਨਿਰਸੰਦੇਹ ਉਸ ਦੀ ਮਜ਼ਬੂਤ ਕੜੀ ਹਨ।

**ਆਮ ਲੋਕਾਂ ਦਾ ਪੱਖ:-** ਉਸ ਦੀ ਇਕ ਦੇਣ ਇਹ ਵੀ ਹੈ ਕਿ ਨਾਵਲ ਦੇ ਬਿਰਤਾਂਤ ਵਿੱਚ ਉਸ ਨੇ ਆਮ ਲੋਕਾਂ ਦਾ ਪੱਖ ਪੇਸ਼ ਕਰਨ ਦੀ ਪਿਰਤ ਪਾਈ ਹੈ। ਉਹ ਸ੍ਰ. ਨਾਨਕ ਸਿੰਘ ਵਾਂਗ ਵੱਡੇ-ਵੱਡੇ ਸ਼ਾਹੂਕਾਰਾਂ, ਫੈਕਟਰੀ ਮਾਲਕਾਂ ਜਾਂ ਸ੍ਰ. ਨਾਨਕ ਸਿੰਘ ਵਾਂਗ ਧਨਾਢਾਂ ਅਤੇ ਜਾਗੀਰਦਾਰਾਂ ਦੇ ਕਿਰਦਾਰ ਉਸਾਰਨ ਦੀ ਥਾਂ ਸਾਡੇ ਹੇਠ ਲਿਖੇ ਵਰਗ ਦੇ ਪਾਤਰ ਲੈਂਦਾ ਹੈ ਅਤੇ ਨਿਰੇ ਪਾਤਰ ਲੈਂਦਾ ਹੀ ਨਹੀਂ, ਸਗੋਂ ਉਨ੍ਹਾਂ ਦੇ ਹੱਕ ਵਿੱਚ ਖਲੋਂਦਾ ਵੀ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਲਗਭਗ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ, "ਉਸ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਸ ਨੇ ਉਨ੍ਹਾਂ "ਆਮ ਲੋਕਾਂ" ਦਾ ਪੱਖ ਲਿਆ ਹੈ ਜਿਨ੍ਹਾਂ ਨੂੰ ਸਦੀਆਂ ਤੋਂ 'ਨੀਚ' ਕਹਿ ਕਹਿ ਕੇ ਤ੍ਰਿਸਕਾਰਿਆ ਜਾਂਦਾ ਰਿਹਾ ਹੈ। ਉਹ ਜਗਸੀਰ, ਬਿਸ਼ਨਾ, ਰੌਣਕੀ, ਸਾਧੂ, ਬਘਦੂ, ਮੰਦਰ, ਭਾਨੀ, ਨੰਦੀ ਤੇ ਰੱਤੀ ਵਰਗੇ ਪਾਤਰਾਂ ਦਾ ਸੰਗੀ ਸਾਥੀ ਹੈ।

ਲਗਭਗ ਇਸ ਨਾਲ ਮਿਲਦੀ-ਜੁਲਦੀ ਗੱਲ ਪ੍ਰੇਮ ਪਾਲ ਨੇ ਆਖੀ ਹੈ। ਉਸ ਨੇ ਕਿਹਾ ਹੈ "ਗੁਰਦਿਆਲ ਸਿੰਘ ਦੀ ਦੇਣ ਕੇਵਲ ਇਸ ਗੱਲ ਵਿੱਚ ਨਹੀਂ ਕਿ ਉਸ ਨੇ ਧਰਤੀ ਦੇ ਤ੍ਰਿਸਕਾਰੇ ਅਤੇ ਲਿਤਾੜੇ ਵਰਗ ਨੂੰ ਪੇਸ਼ ਕੀਤਾ ਹੈ, ਸਗੋਂ ਉਹਦੀ ਰਚਨਾ ਦੀ ਵਿਸ਼ੇਸ਼ਤਾ ਇਸ ਤੋਂ ਅਗਾਂਹ ਤੁਰ ਕੇ ਇਸ ਵਰਗ ਨੂੰ ਆਪਣੀ ਸਥਿਤੀ ਤੋਂ ਸੁਚੇਤ ਕਰਨ ਅਤੇ ਉਨ੍ਹਾਂ ਨੂੰ ਕਿਸੇ ਅਜਿਹੇ ਰਾਹ ਦੀ ਤਲਾਸ਼ ਕਰਨ ਦੀ ਪ੍ਰੇਰਨਾ ਦੇਣ ਵਿੱਚ ਹੈ, ਜੋ ਉਨ੍ਹਾਂ ਦੀ ਮੁਕਤੀ ਬਣ ਸਕੇ।"

**ਵਿਲੱਖਣ ਗਲਪ ਜੁਗਤਾਂ:-** ਇਸ ਨਾਵਲਕਾਰ ਦੀ ਇਕ ਹੋਰ ਦੇਣ ਇਹ ਹੈ ਕਿ ਉਸ ਨੇ ਪੰਜਾਬੀ ਗਲਪ ਨੂੰ ਕਈ ਵਿਲੱਖਣ ਗਲਪ ਜੁਗਤਾਂ ਪ੍ਰਦਾਨ ਕੀਤੀਆਂ ਹਨ ਜਿਵੇਂ ਕੌਮਿਆਂ ਵਿੱਚ ਸ਼ਬਦ ਲਿਖ ਕੇ ਅਤੇ ਬਰੈਕਟ ਵਿੱਚ ਵਿਚਾਰ ਦੇ ਕੇ, ਪ੍ਰਤੀਕਾਤਮਕ ਭਾਸ਼ਾ ਦੁਆਰਾ ਬਿਰਤਾਂਤ ਨੂੰ ਬਿਆਨਣਾ ਆਦਿ। ਉਹ ਨਾ ਤਾਂ ਸ੍ਰ. ਨਾਨਕ ਸਿੰਘ ਜਾਂ ਜਸਵੰਤ ਸਿੰਘ 'ਕੰਵਲ' ਵਾਂਗ ਬਿਆਨ ਨੂੰ ਦੋ-ਤਿੰਨ ਗਲਪ ਜੁਗਤਾਂ ਤੱਕ ਸੀਮਤ ਨਹੀਂ ਰੱਖਦਾ, ਸਗੋਂ ਹਰ ਨਾਵਲ ਵਿਚ ਨਵੀਆਂ ਤੋਂ ਨਵੀਆਂ ਗਲਪ ਜੁਗਤਾਂ ਲੱਭ ਕੇ ਲਿਆਉਂਦਾ ਹੈ ਜੋ ਪੰਜਾਬੀ ਨਾਵਲ ਦੇ ਕਾਵਿ-ਸ਼ਾਸਤਰ ਵਿੱਚ ਇਕ ਤਰ੍ਹਾਂ ਦਾ ਵਾਧਾ ਹੈ।

**ਪੇਂਡੂ ਜੀਵਨ ਦਾ ਚਿਤਰਣ:-** ਪੰਜਾਬੀ ਗਲਪ ਵਿੱਚ ਵਧੇਰੇ ਕਰਕੇ ਸ਼ਹਿਰੀ ਜਾਂ ਕਸਬਿਆਂ ਦੇ ਜੀਵਨ ਚਿਤਰਣ ਦੀ ਪਰੰਪਰਾ ਰਹੀ ਹੈ। ਇਸ ਪਰੰਪਰਾ ਨੂੰ ਕੰਵਲ ਅਤੇ ਸੀਤਲ ਨੇ ਕੁਝ ਹੱਦ ਤੱਕ ਤੋੜਿਆਂ, ਪ੍ਰੰਤੂ ਟਿਵਾਣਾ, ਅਜੀਤ ਕੌਰ, ਸੁਖਬੀਰ ਆਦਿ ਦੇ ਹੱਥਾਂ ਵਿਚ ਆ ਕੇ ਪੰਜਾਬੀ ਨਾਵਲ ਸ਼ਹਿਰੀ ਜੀਵਨ ਦਾ ਚਿਤਰਣ ਵਧੇਰੇ ਹੋਣ ਲੱਗ ਪਿਆ। ਸ੍ਰ. ਗੁਰਦਿਆਲ ਸਿੰਘ ਨੇ ਇਸ ਪਰੰਪਰਾ ਨੂੰ ਭੰਗ ਕੀਤਾ ਅਤੇ ਆਪਣੇ ਨਾਵਲਾਂ ਵਿੱਚ ਵਧੇਰੇ ਕਰਕੇ ਪੇਂਡੂ ਜੀਵਨ ਚਿਤਰਣ ਦੀ ਪਿਰਤ ਪਾਈ। **ਡਾ. ਟੀ. ਆਰ. ਵਿਨੋਦ** ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਨੂੰ ਸਨਮੁੱਖ ਰੱਖ ਕੇ ਕਹਿੰਦਾ ਹੈ, "ਇਸ ਨਾਵਲ ਦੀ ਮੁੱਖ ਵਡਿਆਈ ਇਸ ਗੱਲ ਵਿੱਚ ਹੈ ਕਿ ਇਹ ਉਸ ਜਗਤੀ-ਜਾਤੀ ਕਲਚਰ ਦੇ ਦੁਖਾਂਤ ਦੀ ਯਥਾਰਥਕ ਤਸਵੀਰ ਹੈ ਜਿਹੜੀ ਭੂਮੀ ਰਹਿਤ ਸੀਰੀ ਅਤੇ ਭੂਮੀ ਪ੍ਰਤੀ ਕਿਸਾਨ ਦੇ ਪਰਸਪਰ ਬੁਨਿਆਦੀ ਰਿਸ਼ਤਿਆਂ 'ਤੇ ਉਸਰਦੀ ਹੈ।"

ਇਸ ਤਰ੍ਹਾਂ **ਡਾ. ਰਘਬੀਰ ਸਿੰਘ ਹੋਰਾਂ** ਨੇ ਇਕ ਥਾਂ ਆਖਿਆ ਹੈ, "ਗੁਰਦਿਆਲ ਸਿੰਘ ਪੰਜਾਬੀ ਦਾ ਪਹਿਲਾ ਰਚਨਾਕਾਰ ਹੈ ਜਿਸ ਨੇ ਪੇਂਡੂ ਕਿਰਤੀ ਸ਼੍ਰੇਣੀ ਦਾ ਅਨੁਭਵ ਲੈ ਕੇ ਪੰਜਾਬੀ ਗਲਪ ਸਾਹਿਤ ਵਿੱਚ ਪ੍ਰਵੇਸ਼ ਕੀਤਾ ਹੈ ਅਤੇ ਇਸ ਤਰ੍ਹਾਂ ਪੰਜਾਬੀ ਨਾਵਲ ਉੱਤੋਂ ਸ਼ਹਿਰੀ ਤੇ ਪੇਂਡੂ ਮੱਧ-ਸ਼੍ਰੇਣੀ ਦੀ ਵਲਗਣਾ ਨੂੰ ਤੋੜਿਆ ਹੈ।"

**ਸਿੱਟਾ:-** ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸ੍ਰ. ਗੁਰਦਿਆਲ ਸਿੰਘ ਇਕ ਨਿਮਨ ਪਰਿਵਾਰ ਦਾ ਜੰਮਪਲ ਹੈ। ਉਸ ਨੇ ਆਪਣੇ ਪਿੰਡੇ 'ਤੇ ਅਨੇਕਾਂ ਦੁੱਖ ਹੰਢਾਏ ਹਨ ਅਤੇ ਆਪਣੇ ਨਿੱਜੀ ਅਨੁਭਵ ਨੂੰ ਬਹੁਤ ਹੱਦ ਤੱਕ ਆਪਣੇ ਨਾਵਲਾਂ ਵਿੱਚ

Scanned with CamScanner

ਸਮੋਇਆ ਹੈ। ਉਸ ਦੀ ਪੰਜਾਬੀ ਨਾਵਲ ਜਗਤ ਨੂੰ ਨਿੱਗਰ ਦੇਣ ਹੈ। ਉਸ ਨੇ ਪੰਜਾਬੀ ਨਾਵਲ ਨੂੰ ਉਪ-ਭਾਵੁਕਤਾ ਤੋਂ ਮੁਕਤੀ ਦਿਵਾਈ। ਪੰਜਾਬੀ ਵਿੱਚ ਨਿਰੋਲ ਆਂਚਲਿਕ ਉਪਨਿਆਸ ਦਾ ਆਰੰਭ ਕੀਤਾ, ਉਸ ਨੇ ਨਾਵਲ ਵਿੱਚ ਯਥਾਰਥਕ ਚਿਤਰਣ ਦੀ ਲੀਹ ਨੂੰ ਹੋਰ ਮਜ਼ਬੂਤ ਕੀਤਾ। ਉਸ ਦੇ ਨਾਵਲਾਂ ਵਿੱਚ ਆਮ ਲੋਕਾਂ ਦਾ ਪੱਖ ਲਿਆ ਗਿਆ ਹੁੰਦਾ ਹੈ। ਉਸ ਨੇ ਪੰਜਾਬੀ ਨਾਵਲ ਨੂੰ ਪੇਂਡੂ ਚਿਤਰਣ ਤੋਂ ਇਲਾਵਾ ਵਿਲੱਖਣ ਗਲਪ ਜੁਗਤਾਂ ਵੀ ਪ੍ਰਦਾਨ ਕੀਤੀਆਂ ਹਨ। ਸੱਚਮੁੱਚ ਹੀ ਉਸ ਦੀ ਦੇਣ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਅਸੀਂ ਡਾ. ਪ੍ਰਮਿੰਦਰ ਸਿੰਘ ਅਤੇ ਸਹਿਯੋਗੀਆਂ ਦੀ ਇਸ ਰਾਇ ਨਾਲ ਸਹਿਮਤ ਹਾਂ ਕਿ ਆਪਣੇ ਨਾਵਲਾਂ ਦੀ ਵਿਸ਼ੇਸ਼ ਪ੍ਰਕਿਰਤੀ ਅਤੇ ਯਥਾਰਥਵਾਦੀ ਅੰਤਰ-ਦ੍ਰਿਸ਼ਟੀ, ਸਫ਼ਲ ਪਾਤਰ ਚਿਤਰਣ ਅਤੇ ਮਾਲਵੇ ਦੇ ਸਥਾਨਿਕ ਸਭਿਆਚਾਰਕ ਪਿਛੋਕੜ ਕਾਰਨ ਗੁਰਦਿਆਲ ਸਿੰਘ ਦੇ ਨਾਵਲ ਸੁਤੰਤਰਤਾ ਕਾਲ ਦੇ ਪੰਜਾਬੀ ਨਾਵਲ ਦੇ ਵਿਕਾਸ ਵਿਚ ਵਿਸ਼ੇਸ਼ ਭੂਮਿਕਾ ਨੂੰ ਨਿਭਾਉਂਦੇ ਹਨ।

Scanned with CamScanner

ਯਥਾਰਥਵਾਦੀ ਪ੍ਰਵਿਰਤੀ ਅਧੀਨ ਲਿਖੇ ਜਾਣ ਵਾਲੇ ਨਾਵਲਾਂ ਵਿਚ ਗੁਰਦਿਆਲ ਸਿੰਘ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾਣਾ ਬਣਦਾ ਹੈ, ਕਿਉਂਕਿ ਉਸ ਨੇ ਮਲਵਈ ਆਂਚਲ ਦੇ ਯਥਾਰਥ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ। 'ਮੜ੍ਹੀ ਦਾ ਦੀਵਾ' ਉਸ ਦੇ ਯਥਾਰਥਵਾਦੀ ਨਾਵਲ ਦੀ ਸਿਖ਼ਰ ਹੈ।

ਅਣਹੋਏ, ਪਰਸਾ ਵੀ ਗੁਰਦਿਆਲ ਸਿੰਘ ਦੇ ਇਸੇ ਪ੍ਰਵਿਰਤੀ ਅਧੀਨ ਲਿਖੇ ਗਏ ਨਾਵਲ ਹਨ।

Scanned with CamScanner

**ਸ੍ਰ. ਗੁਰਦਿਆਲ ਸਿੰਘ:-** ਇਸ ਤੋਂ ਪਿੱਛੋਂ ਦੇ ਨਾਵਲਕਾਰਾਂ ਵਿਚ ਗੁਰਦਿਆਲ ਸਿੰਘ ਹੈ। ਉਸ ਨੇ ਪੰਜਾਬੀ ਸਾਹਿਤ ਨੂੰ ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਰੇਤ ਦੀ ਮੁੱਠ, ਅੰਨ੍ਹੇ ਘੋੜੇ ਦਾ ਦਾਨ, ਅੱਧ ਚਾਨਣੀ ਰਾਤ, ਆਥਣ-ਉਗਣ, ਪਹੁ ਫੁਟਾਲੇ ਤੋਂ ਪਹਿਲਾਂ ਆਦਿ ਨਾਵਲ ਦਿੱਤੇ। ਉਸ ਦੇ ਨਾਵਲਾਂ ਦੀ ਵਿਲੱਖਣਤਾ ਇਹ ਹੈ ਕਿ ਉਸ

Scanned with CamScanner

ਨੇ ਆਪਣੇ ਨਾਵਲਾਂ ਵਿਚ ਵਧੇਰੇ ਨਿਮਨ ਪੇਂਡੂ ਸ਼੍ਰੇਣੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਸ ਦੇ ਨਾਵਲਾਂ ਦਾ ਘੇਰਾ ਮਾਲਵੇ ਦੇ ਪਿੰਡਾਂ ਤੱਕ ਸੀਮਤ ਹੈ। ਇਸ ਕਾਰਣ ਕਈ ਵਿਦਵਾਨ ਉਸ ਦੇ ਨਾਵਲਾਂ ਨੂੰ ਆਂਚਲਿਕ ਉਪਨਿਆਸ ਦੀ ਸ਼੍ਰੇਣੀ ਵਿਚ ਰੱਖਦੇ ਹਨ।

ਗੁਰਦਿਆਲ ਸਿੰਘ ਨੇ ਵੀ ਪੰਜਾਬੀ ਨਾਵਲ ਵਿਚ ਕੁਝ ਨਵੇਂ ਤਜ਼ਰਬੇ ਕੀਤੇ ਹਨ। ਉਸ ਦੇ ਨਾਵਲਾਂ ਵਿਚ ਨਾਨਕ ਸਿੰਘ ਪਰੰਪਰਾ ਤੋਂ ਹੱਟ ਕੇ ਕਥਾਨਕ ਅਤੇ ਪਾਤਰ ਲਏ ਗਏ ਹਨ। ਉਸ ਦੇ ਨਾਵਲਾਂ ਵਿਚ ਪਹਿਲਾ ਪ੍ਰਯੋਗ ਇਹ ਹੈ ਕਿ ਇਨ੍ਹਾਂ ਵਿਚ ਮੱਧ ਵਰਗ ਦੀ ਥਾਂ ਪੇਂਡੂ ਨਿਮਨ ਵਰਗ ਦੀਆਂ ਸਮੱਸਿਆਵਾਂ ਨੂੰ ਲਿਆ ਗਿਆ ਹੁੰਦਾ ਹੈ। ਉਸ ਦੇ ਪਾਤਰ ਸਾਧਾਰਣ ਦੀ ਥਾਂ ਅਣ-ਹੋਏ ਹਨ ਜਿਵੇਂ:- ਮੜ੍ਹੀ ਦਾ ਦੀਵਾ ਦਾ ਜਗਸੀਰ, ਅਣਹੋਏ ਦਾ ਬਿਸ਼ਨਾ, ਅੱਧ ਚਾਨਣੀ ਰਾਤ ਦਾ ਮੋਹਨ ਅਤੇ 'ਪਰਸਾ' ਦਾ ਪਰਸਾ। ਡਾ. ਉੱਪਲ ਅਨੁਸਾਰ, "ਗੁਰਦਿਆਲ ਸਿੰਘ ਨੇ ਨਾਵਲ ਅੱਧ ਚਾਨਣੀ ਰਾਤ ਵਿਚ ਇਕ ਮਨੋਵਿਗਿਆਨਿਕ ਸੱਚਾਈ ਪੇਸ਼ ਕੀਤੀ ਹੈ, ਜਿਸ ਕਾਰਣ ਇਸ ਨਾਵਲ ਦੇ ਵਿਸ਼ੇ ਨੂੰ ਸਦੀਵਤਾ, ਵਿਸ਼ਵ-ਵਿਆਪਕਤਾ ਅਤੇ ਸਾਰਥਕਤਾ ਮਿਲਦੀ ਹੈ। ਮਰਦ ਦੀ ਕਮਜ਼ੋਰੀ ਔਰਤ ਅਤੇ ਔਰਤ ਦੀ ਕਮਜ਼ੋਰੀ ਮਰਦ ਰਿਹਾ ਹੈ ਤੇ ਰਹੇਗਾ। ਇਹ ਇਕ ਦੂਜੇ ਬਿਨਾ ਅਪੂਰਨ ਤੇ ਅਸੰਤੁਲਿਤ ਹਨ। ਦੋਹਾਂ ਧਿਰਾਂ ਨੂੰ ਪੂਰਨਤਾ, ਸ਼ਾਂਤੀ ਤੇ ਮਾਨਸਿਕ ਸੰਤੁਲਨ ਇਕ ਦੂਜੇ ਤੋਂ ਹੀ ਮਿਲਦਾ ਹੈ।"

ਗੁਰਦਿਆਲ ਸਿੰਘ ਬਾਰੇ ਦਿੱਤੀ ਡਾ. ਪ੍ਰਮਿੰਦਰ ਸਿੰਘ ਅਤੇ ਸਹਿਯੋਗੀਆਂ ਦੀ ਇਸ ਰਾਇ ਨਾਲ ਅਸੀਂ ਸਹਿਮਤ ਹਾਂ ਕਿ ਆਪਣੇ ਨਾਵਲਾਂ ਦੀ ਵਿਸ਼ੇਸ਼ ਪ੍ਰਕ੍ਰਿਤੀ ਤੇ ਯਥਾਰਥਵਾਦੀ ਅੰਤਰ-ਦ੍ਰਿਸ਼ਟੀ ਸਫ਼ਲ ਪਾਤਰ ਚਿਤਰਣ ਤੇ ਮਾਲਵੇ ਦੇ ਸਥਾਨਕ ਸਭਿਆਚਾਰਕ ਪਿਛੋਕੜ ਕਾਰਨ ਗੁਰਦਿਆਲ ਸਿੰਘ ਦੇ ਨਾਵਲ ਸੁਤੰਤਰਤਾ ਕਾਲ ਦੇ ਪੰਜਾਬੀ ਨਾਵਲ ਦੇ ਵਿਕਾਸ ਵਿਚ ਵਿਸ਼ੇਸ਼ ਭੂਮਿਕਾ ਨੂੰ ਨਿਭਾਉਂਦੇ ਹਨ।

Scanned with CamScanner